# ਹਾਰੂਨ ਅਤੇ ਦੂਜੇ ਅਰਾਧਨਾ ਦੇ ਆਗੂਵੇ

ਜਿਹੜੇ ਬੱਚਿਆਂ ਨੂੰ ਪੜ੍ਹਾਦੇ ਹਨ ਉਹ ਪੜ੍ਹਨ W2b ਨੂੰ ਪੜ੍ਹਨ।

**ਪਿਛੋਕੜ:** ਇਸਰਾਈਲ ਦਾ ਪਹਿਲਾ ਮਹਾਂ ਜਾਜਕ ਹਾਰੂਨ ਸੀ, ਮੂਸਾ ਦਾ ਭਰਾ। ਲੋਕਾਂ ਦੇ ਪਾਪਾਂ ਵਾਸਤੇ ਹਾਰੂਨ ਪਰਮੇਸ਼ਵਰ ਨੂੰ ਪਸ਼ੂ ਬਲਿ ਚੜਾਉਂਦਾ ਸੀ। ਉਹ ਪਸ਼ੂ ਬਲਿ ਲਈ ਭੇਡਾਂ ਅਤੇ ਹੋਰ ''ਸਾਫ'' ਪਸ਼ੂਆ ਨੂੰ, ਜਿਹੜੇ ਪਰਮੇਸ਼ਵਰ ਦੇ ਇੱਕ ਖਾਣੇ ਵਾਸਤੇ ਮਨਜ਼ੂਰ ਕੀਤੇ ਗਏ ਸਨ। ਬਿਨਾ ਕਿਸੇ ਦਾਗ ਧੱਬੇ ਦੇ ਚੜ੍ਹਾਉਂਦਾ ਸੀ। ਉਹ ਉਨ੍ਹਾਂ ਦੀ ਗਰਦਨ ਨੂੰ ਵੱਢ ਕੇ ਅੱਗ ਵਿੱਚ ਸਾੜ ਦਿੰਦਾ ਸੀ। ਜਿਸ ਕਰਕੇ ਉਨ੍ਹਾਂ ਦੇ ਪਾਪਾਂ ਦਾ ਪਛਤਾਵਾ ਹੋ ਸਕੇ। ਅੱਜ ਯੀਸ਼ੂ ਸਾਡੇ ਵਾਸਤੇ ''ਪਰਮੇਸ਼ਵਰ ਦਾ ਮੇਮਨਾ'' ਹੈ। ਉਹ ਪਾਪ ਤੋਂ ਬੇਕਸੂਰ ਸੀ, ਅਤੇ ਉਹ ਸਾਡੇ ਲਈ ਮਾਰਿਆ ਗਿਆ ਤਾਂ ਕਿ ਸਾਡੇ ਪਾਪਾਂ ਦਾ ਪਛਤਾਵਾ ਹੋਵੇ।

## 1. ਆਪਣੇ ਝੁੰਡ ਨੂੰ ਸਹੀ ਅਰਾਧਨਾ ਵਾਸਤੇ ਤਿਆਰ ਕਰੋ

### ਅਰਾਧਨਾ ਦੇ ਸੱਤ ਸ਼ਰੂਆਤੀ ਮੂਲ ਸਿੱਖੋ:–

ਲੱਗਭਗ ਸਾਰੀਆ ਕਲੀਸੀਆਵਾਂ ਇੰਨ੍ਹਾਂ ਸੱਤ ਸਧਾਰਣ ਗਤਿ ਵਿਧੀਆਂ ਦਾ ਅਭਿਆਸ ਕਰਨ। ਉਹ ਇੰਨ੍ਹਾਂ ਨੂੰ ਵੱਖ ਤਰੀਕਿਆਂ ਅਤੇ ਵੱਖ ਕ੍ਰਮਾਕ ਵਿੱਚ ਕਰ ਸਕਦੇ ਹਨ। ਕੁਝ ਇੰਨ੍ਹਾਂ ਨੂੰ ਹਰ ਹਫਤੇ ਕਰ ਸਕਦੇ ਹਨ, ਦੂਜੇ ਬਹੁਤ ਥੋੜ੍ਹਾ

1) ਸਤੁਤਿ ਕਰੋ ਅਤੇ ਧੰਨਵਾਦ ਕਰੋ।
2) ਪ੍ਰਾਥਨਾ।
3) ਵਚਨ ਦਾ ਸਿੱਖਣਾ
4) ਦੇਣਾ
5) ਆਪਣੇ ਪਾਪਾ ਨੂੰ ਸਵੀਕਾਰ ਕਰਨਾ ਅਤੇ ਪਰਮੇਸ਼ਵਰ ਦੀ ਮਾਫੀ ਦਾ ਭਰੋਸਾ ਕਰਨਾ।
6) ਰੋਟੀ ਤੋੜਨਾ (ਪ੍ਰਭੂ ਭੋਜ)
7) ਸੰਗਤੀ ਦਾ ਆਨੰਦ ਲੈਣਾ



- ਲੂੱਕਾ ਬਾਪ 6:38 ਵਿੱਚ ਯੀਸ਼ੂ ਨੇ ਕਿਸ ਤਰ੍ਹਾਂ ਦੀ ਅਰਾਧਨਾ ਗਤੀਵਿਧੀ ਕਰਨ ਦਾ ਹੁੱਕਮ ਦਿੱਤਾ।
- ਉੱਤਪਤ 18:20–37 ਵਿੱਚ ਅਬਰਾਹਾਮ ਨੇ ਕੀ ਕੀਤਾ?
- 2 ਸੈਮਊਲ 22–47 ਦਾਊਦ ਵਿੱਚ?
- ਨਹਮਯਾਹ 8:1–3 ਵਿੱਚ ਇਸਰਾਏਲਾਈ?
- ਨਹਮਯਾਹ 9:2 ਵਿੱਚ ਇਸਰਾਏਲਾਈ?
- ਕੂਚ 12:1–14 ਕਿਸ ਤਰ੍ਹਾਂ ਦੀ ਗਤੀਵਿਧੀ ਕਰਕੇ ਦਿਖਾਈ?
- ਜਬੂੰਰਾ ਦੀ ਪੋਥੀ 133 ਵਿੱਚ ਤੁਸੀਂ ਕੀ ਪਾਉਂਦੇ ਹੋ?

*(ਉੱਤਰ 1) ਦੇਣਾ 2) ਪ੍ਰਾਥਨਾ 3) ਸੁਤੀਤਿ 4) ਵਚਨ 5) ਪਾਪਾਂ ਦਾ ਸਤਿਕਾਰ ਕਰਨ 6) ਪ੍ਰਭੂ ਭੋਜ 7) ਸੰਗਤੀ*

ਪਰਮੇਸ਼ਵਰ ਦੇ ਲੋਕਾਂ ਨੇ ਇਸ ਅਰਾਧਨਾ ਦੀਆਂ ਰਗਤੀਵਿਧੀਆਂ ਦਾ ਸਦੀਆਂ ਤੱਕ ਅਭਿਆਸ ਕੀਤਾ।

- ਯੀਸ਼ੂ ਦੇ ਇਸ ਸੰਸਾਰ ਵਿੱਚ ਆਉਣ ਤੋਂ ਪਹਿਲਾਂ, ਪੁਰਾਣੇ ਨੇਮ ਦੇ ਯਹੂੰਦੀ, ਇਹਦਾ ਅਭਿਆਸ ਆਪਣੇ ਪ੍ਰਾਥਨਾ ਦੀ ਜਗਾਤੇ ਕਰਦੇ ਸਨ।
- ਯੀਸ਼ੂ ਅਤੇ ਪਵਿੱਤਰ ਆਤਮਾ ਨੇ ਨਵੇਂ ਨੇਮ ਵਿੱਚ ਉਸ ਦਾ ਗੂੜ੍ਹਾ ਅਰਥ ਦਿੱਤਾ।
- ਰਸੂੰਲਾ ਦੀ ਸਿੱਖਿਆ, ਯੀਸ਼ੂ ਦੀ ਬਲਿਦਾਨੀ ਮੌਤ ਅਤੇ ਜੀਵਨ ਦੇਣ, ਪੁਨਰ ਉਥਾਨ ਦੇ ਕੇਂਦਰ ਸਨ।
- ਮਸ਼ੀਹਾਂ ਨੇ ਹਮੇਸ਼ਾ ਇੰਨ੍ਹਾਂ ਗਤੀਵਿਧੀਆਂ ਦਾ ਅਭਿਆਸ ਕੀਤਾ, ਜਿਹੜੇ ਰਸੂੰਲਾਂ ਦੇ ਕਰਤਬ ਉਹਦੇ 2 ਬਾਪ ਵਿੱਚ ਯਰੂਸ਼ਲਮ ਦੀ ਕਲੀਸੀਆਂ ਵਿੱਚ ਸ਼ੁਰੂ ਹੋਇਆ।
- ਸਾਰੇ ਇਤਿਹਾਸ ਵਿੱਚ, ਜਿੰਨ੍ਹਾਂ ਕਲੀਸੀਆਵਾਂ ਨੇ ਪਰਮੇਸ਼ਵਰ ਦੇ ਦਿੱਤੇ ਗਏ ਤਰੀਕਿਆਂ ਨੂੰ ਮੰਨਿਆ, ਉਨ੍ਹਾਂ ਨੂੰ ਜਿਉਂਦਾ ਰੱਖਿਆ ਅਤੇ ਬਹੁਤ ਵਧਾਇਆ, ਜਦੋਂ ਕਿ ਉਹ ਸਤਾਵ ਵਿੱਚ ਨਿੱਕਲ ਰਹੇ ਸਨ।

- ਜਿੰਨ੍ਹਾਂ ਕਲੀਸੀਆਵਾਂ ਨੇ ਇਹਦਾ ਇਨਕਾਰ ਕੀਤਾ, ਉਹ ਲੜਖੜਾ ਕੇ ਖਤਮ ਹੋ ਗਈਆ, ਜਦੋਂ ਮਨੁੱਖਾਂ ਨੇ ਉਨ੍ਹਾਂ ਉੱਤੇ, ਝੂਠੀ ਸਿੱਖਿਆ ਦੇ ਕੇ ਕੀਤਾ ਸੀ।
- ਕੁਝ ਗਿਰਜਾ ਘਰਾਂ ਵਿੱਚ ਆਮ ਪੂਜਾ ਦੀ ਵਿਧੀ ਦੇ ਅਨੁਸਾਰ, ਜਿਵੇ ਚੋਗਾ ਪਾ ਕੇ, ਖੁਸਬੂ ਵਾਲੀ ਧੂਫ ਅਤੇ ਭਜਨ ਆਦਿ ਗਾ ਕੇ। ਦੂਜਿਆ ਨੇ ਅਜਾਦੀ ਦੇ ਨਾਲ ਕੀਤਾ।
- ਵਚਨ ਵਿੱਚ ਲਿਖਿਆ ਹੈ ਕਿ ਲੋਕ ਪਰਮੇਸ਼ਵਰ ਦੀ ਸਤੁਤਿ ਗਾ ਕੇ, ਨੱਚ ਕੇ, ਖੜੇ ਹੋ ਕੇ, ਹੱਥ ਚੁੱਕ ਕੇ, ਤਾਲੀ ਮਾਰ ਕੇ, ਗੋਡਿਆ ਤੇ ਬਹਿ ਕੇ, ਮੂੰਹ ਪਰਨੇ ਲੈਟ ਕੇ, ਚੁੱਪ ਰਹਿ ਕੇ, ਉੱਚੀ ਅਵਾਜ ਵਿੱਚ, ਗਵਾਹੀਆ ਨਾਲ ਅਤੇ ਨਾਟਕ ਨਾਲ ਕਰਦੇ ਸਲ। ਪਰਮੇਸ਼ਵਰ ਬਾਹਰੀ ਰੂਪ ਦੀ ਚਿੱਤਾ ਨਹੀ ਕਰਦਾ, ਜਦੋ ਤੀਕਰ ਪੂਰੇ ਦਿੱਲ ਨਾਲ ਅਸੀ ਉਹਦੀ ਅਰਾਧਨਾ ਨਾ ਕਰੀਏ।
- ਕੁਝ ਕਲੀਸੀਆਵਾਂ ਪਰਮੇਸ਼ਵਰ ਦੀ ਸਤੁਤਿ ਕਰਨ ਤੋਂ ਪਹਿਲਾਂ ਜਬੂੰਰ ਪੜ੍ਹਦੇ ਜਾਂ ਗਾਦੇ ਹਨ। ਤੁਸੀ ਉਹ ਆਇਤਾ ਨੂੰ ਇਸਤੇਮਾਲ ਕਰ ਸਕਦੇ ਹੋ, ਜੋ ਪਰਮੇਸ਼ਵਰ ਦੀ ਮਹਿਮਾ ਦੇ ਲਈ, ਉਹ ਧਿਆਨ ਕਰ ਸਕਦੇ ਹੋ। ਉਹ ਕੰਮਾ ਨੂੰ ਕਰਨ, ਤਾਕਤ, ਨਿਆਣ, ਪਿਆਰ, ਦਿਆਲਤਾ, ਵਫਾਦਾਰੀ, ਅਤੇ ਪਵਿੱਤਰਤਾ ਨਾਲ।
- ਇੱਥੇ ਕੁਝ ਜਬੂੰਰਾ ਦੀਆ ਆਇਤਾਂ ਦਿੱਤੀਆਂ ਗਈਆ ਹਨ, ਉਹ ਤੁਹਾਡੀ ਪਰਮੇਸ਼ਵਰ ਦੀ ਸੁਤਤਿ ਕਰਨ ਵਿੱਚ ਮੱਦਦ ਕਰਨਗੀਆ।

| | | | |
|---|---|---|---|
| 8:1 | 66:1–4 | 98:1–3 | 111:1–4 |
| 9:1–2 | 81:1–2 | 100:1–3 | 117:1–2 |
| 29:1–2 | 93:1–2 | 103–1–6 | 136:1–26 |
| 47:1 | 95:1–3 | 106:1–2 | 148:1–14 |

## 2. ਆਪਣੇ ਸਾਥੀਆਂ ਨਾਲ ਉਨ੍ਹਾਂ ਕੰਮਾਂ ਦੀ ਜਿਹੜੇ ਹਫਤੇ ਵਿੱਚ ਕਰਨੇ ਹਨ, ਯੋਜਨਾ ਬਣਾਉ

ਆਪਣੀ ਕਲੀਸੀਆਂ ਦੀਆਂ ਜ਼ਰੂਰਤਾ ਦੇ ਅਨੁਸਾਰ ਚੀਜ਼ਾਂ ਨੂੰ ਚੁਣੋ।

- ਅਰਾਧਨਾ ਦੇ ਬਾਦ, ਨਵੇਂ ਲੋਕਾਂ ਨੂੰ ਖਾਣੇ ਲਈ ਬੁਲਾਉ।
- ਬੱਚਿਆਂ ਨੂੰ ਆਖੋ ਕਿ ਉਹ ਬੱਚਿਆਂ ਦੀ ਨਾਟਕ ਕਰਨ ਵਿੱਚ ਮੱਦਦ ਕਰਨ, ਚਾਹੇ ਉਹ ਕਲੀਸੀਆਂ ਦੀ ਅਰਾਧਨਾ ਵਿੱਚ ਨਹੀ ਆਉਦੇ।
- ਇੱਕ ਅਜੇਹਾ ਝੁੰਡਾ ਜਿਹਦੇ ਉੱਤੇ ਵਚਨ ਲਿਖੇ ਹੋਣ, ਸਭਾ ਵਿੱਚ ਦਿਖਾਉਣਾ ਹੈ ਤਿਆਰ ਕਰੋ।
- ਉਹਨਾ ਮਿੱਤਰਾਂ ਦੇ ਘਰਾਂ ਵਿੱਚ ਪ੍ਰਾਥਨਾ ਅਤੇ ਸਤੂਤੀ ਕਰੋ, ਜਿਹੜੇ ਕਲੀਸੀਆਂ ਦੀ ਅਰਾਧਨਾ ਸਭਾ ਵਿੱਚ ਹਾਜਿਰ ਨਹੀ ਹੁੰਦਾ।


## 3. ਆਪਣੇ ਸਾਥੀਆਂ ਨਾਲ ਆਉਣ ਵਾਲੀ ਅਰਾਧਨਾ ਦੀ ਯੋਜਨਾ ਬਣਾਉ

ਇਹੋ ਜਿਹੀਆਂ ਚੀਜ਼ਾਂ ਚੁੱਣੋ, ਜਿਹੜੀਆਂ ਮੌਕੇ ਅਤੇ ਸਥਾਨਿਕ ਰੀਤੀ ਰਿਵਾਜਾਂ ਵਿੱਚ ਸਹੀ ਬੈਠਦੀਆਂ ਹੋਣ।

- ਪਰਮੇਸ਼ਵਰ ਦੀ ਅਰਾਧਨਾ (ਸੁਤਿਤ) ਅਤੇ ਪ੍ਰਾਥਨਾ ਪੜ੍ਹ ਕੇ ਜਾਂ ਗਾ ਕੇ ਜਬੂੰਰਾਂ ਦੀ ਪੋਥੀ ਦੀਆਂ ਆਇਤਾਂ ਵਿੱਚੋ ਕਰੋ।
- ਗਵਾਹੀਆਂ ਦੇਣ ਲਈ ਆਖੋ, ਪਿੱਛਲੇ ਹਫਤੇ ਦੇ ਕੰਮਾਂ ਦੀ ਸੂਚਨਾ ਦਿਉ।

ਯੀਸ਼ੂ ਦੇ ਸੰਸਾਰ ਵਿੱਚ ਆਉਣ ਤੋਂ ਪਹਿਲਾਂ, ਅਰਾਧਨਾ ਕਿਸ ਤਰ੍ਹਾਂ ਹੁੰਦੀ ਸੀ, ਕਰਕੇ ਦਿਖਾਉ।

- ਸਮਝਾਉ ਕਿ ਤੁਸੀਂ ਪੁਰਾਣੇ ਨੇਮ ਦੀ ਅਰਾਧਨਾ ਪਰਦਰਸ਼ਤ ਕਰੋਗੇ?
- ਇੱਕ ਮੱਦਦ ਕਰਨ ਵਾਲੇ ਨੂੰ ਕਹੋ ਕਿ ਉਹ ਤੁਹਾਡੇ ਨਾਲ ਬਾਹਰ ਵੱਲ ਜਾਵੇ, ਜਦੋ ਤੁਸੀਂ ਅੰਦਰ ਵਾਪਿਸ ਆਉਦੇ ਹੋ, ਉਹ ਇੱਕ ਭੇਡ ਹੈ, ਹੱਥਾਂ ਤੇ ਤੁਰਦੀ ਅਤੇ ਗੋਡਿਆ ਉੱਤੇ ਰਿੜਦੀ ਹੋਈ ''ਬਾ, ਬਾ'' ਕਰਕੇ ਚੀਕੇ। ਉਹਦੀ ਰੱਸੀ ਖਿੱਚਣ ਦਾ ਦਿਖਾਵਾ ਕਰੋ।
- ''ਹਾਰੂਨ'' (ਕੋਈ ਵੀ) ਨੂੰ ਕਹੋ ਕਿ ਚਾਕੂ ਤੇਜ ਕਰੇ। ਅੱਗ ਬਾਲੇ ਅਤੇ ਭੇਡ ਨੂੰ ਵੇਦੀ ਉੱਤੇ ਬੰਨੇ। ਹਾਰੂਨ ਦੀ ਮੱਦਦ ਨਾਲ ਭੇਡ ਦਾ ਮੂੰਹ ਕੁਰਸੀ ਵੱਲ ਹੇਠਾ ਨੂੰ ਕਰੋ।



**ਇਸਰਾਏਲੀਆਂ ਦੀ ਪੱਥਰਾਂ ਤੇ ਰੰਦਾ ਨਾ ਲਾਈ ਹੋਈ ਵੇਦੀ**

- ਆਪਣਾ ਹੱਥ ਉਹਦੇ ਸਿਰ ਉੱਤੇ ਰੱਖ ਕੇ ਆਖੇ, ''ਮੈ ਆਪਣੇ ਅਤੇ ਆਪਣੇ ਪਰਿਵਾਰ ਦੇ ਪਾਪਾਂ ਨੂੰ ਸਵਿਕਾਰ ਕਰਦਾ ਹਾਂ।''
- ''ਹਾਰੂਨ ਨੂੰ ਆਖੋ ਕਿ ਉਹਦਾ ਗੱਲ ਵੱਢ ਦੇਵੇ, ਜਦੋਂ ਉਹ ਇਹ ਕਰਨ ਦਾ ਦਿਖਾਵਾ ਕਰੇ, ਕਿ ਲਹੂ ਤੁਹਾਡੇ ਉੱਤੇ ਛਿੜਕ ਕੇ ਆਪਣੇ ਹੱਥ ਨੂੰ ਉੱਤੇ ਚੁੱਕ ਕੇ ਹਿਲਾਵੇ ਅਤੇ ਚੀਕੇ ਉਹ। ਸਭ ਜਗ੍ਹਾ ਲਹੂ।''

  ''ਸੁਣੋ ਡਰੇ ਹੋਏ ਪਸ਼ੂਆਂ ਦੀ ਨਿਮਾਦੇ ਹੋਵੇ ਅਵਾਜ।

  ''ਖੂਨ ਅਤੇ ਰੂੜੀ ਨੂੰ ਸੁੰਘੋ।''

  ''ਧੂੰਆਂ ਤੁਹਾਡੀਆਂ ਅੱਖਾਂ ਵਿੱਚ ਜਾ ਰਿਹਾ ਹੈ।''
- ਲੋਕਾਂ ਨੂੰ ਆਖੋ, ''ਕਿ ਇਹ ਅਰਾਧਨਾ ਹੈ?'' (ਉਨ੍ਹਾਂ ਨੂੰ ਉੱਤਰ ਦੇਣ ਦਿਉ)
- ਇਹ ਬੜਾ ਖਤਰਨਾਕ ਅਤੇ ਵਿਰੋਧ ਭਰਿਆਂ ਹੈ। ਕਿਉਕਿ? ਸਾਡੇ ਪਾਪ ਬਹੁਤ ਪਵਿੱਤਰ ਪਰਮੇਸ਼ਵਰ ਦੇ ਵਿਰੁੱਧ ਅਤੇ ਨੁਕਸਾਨ ਵਾਲੇ ਹਨ। ਉਹ ਬਦਲਿਆ ਨਹੀ ਹੈ। ਪਰਮੇਸ਼ਵਰ ਹੁਣ ਨਿਰਦੋਸ਼ ਲਹੂ ਚਾਹੁੰਦਾ ਹੈ, ਸਾਡੇ ਪਾਪਾਂ ਨੂੰ ਢੱਕਣ ਵਾਸਤੇ।
- ਪੁੱਛੋ: ''ਹੁਣ ਅਸੀ ਆਪਣੀਆਂ ਸਭਾਵਾ ਵਿੱਚ ਭੇਡ ਕਿਉ ਨਹੀ ਲੈ ਕੇ ਆਉਦੇ?'' ਵਿਸ਼ਵਾਸੀ ਉੱਤਰ ਦੇਣ। ਜੇਕਰ ਉਹ ਸਹੀ ਉੱਤਰ ਦੇਣ ਵਿੱਚ ਅਸਫਲ ਹੁੰਦੇ ਹਨ ਤਾਂ ਆਪਣੇ ਸਬਦਾ ਨਾਲ ਸਮਝਾਉ: ''ਯੀਸ਼ੂ ਪਰਮੇਸ਼ਵਰ ਦਾ ਆਤਮਕ ਮੇਮਨਾ ਹੈ, ਜਿਹੜਾ ਕਿ ਦੁਨੀਆਂ ਦੇ ਪਾਪਾਂ ਨੂੰ ਚੁੱਕ ਲੈ ਜਾਦਾ ਹੈ। ਜਦੋਂ ਅਸੀ ਪ੍ਰਭੂ ਭੋਜ ਦੀ ਰੋਟੀ ਅਤੇ ਪਿਆਲੇ ਵਿੱਚ ਹਿੱਸੇਦਾਰ ਹੁੰਦੇ ਹਾਂ ਤਾਂ ਪਰਮੇਸ਼ਵਰ ਦੇ ਬੇਐਬ, ਪਵਿੱਤਰ, ਮੇਮਨੇ ਦੀ ਦੇਹ ਅਤੇ ਲਹੂ ਵਿੱਚ ਸੰਗਤ ਕਰਦੇ ਹਾਂ ਜਿਵੇ ਕਿ 1 ਕੁਰਿੰਥੀਆ 10:16 ਵਿੱਚ ਲਿਖਿਆ ਹੈ।

ਬੱਚਿਆਂ ਨੇ ਇਸ ਨਾਟਕ ਨੂੰ ਪੇਸ਼ ਕੀਤਾ, ਜਿਹਦਾ ਉਹ ਅਭਿਆਸ ਕਰ ਰਹੇ ਸਨ ਅਤੇ ਉਹ ਪ੍ਰਸ਼ਨ ਬਾਲਿਗਾਂ ਕੋਲੋ ਪੁੱਛਣ ਜਿਹੜੇ ਤਿਆਰ ਕੀਤੇ ਹੋਏ ਹਨ।

ਪ੍ਰਭੂ ਭੋਜ ਪੇਸ਼ ਕਰਨ ਲਈ, ਉਸ ਆਦਮੀ ਦੀ ਕਹਾਣੀ ਦੱਸੋ ਜਿਹੜਾ ਕਿ ਰਾਜੇ ਦੇ ਵਿਆਹ ਵਿੱਚ ਕਪੜੇ ਪਾ ਕੇ ਨਹੀ ਆਇਆ ਸੀ (ਮੱਤੀ 22:1-4) ਖਾਸ ਕਪੜੇ ਇਸਰਾਏਲੀ ਨੂੰ ਦਿਖਾਦੇ ਹਨ ਕਿ ਪਰਮੇਸ਼ਵਰ ਸਾਨੂੰ ਵਿਸ਼ਵਾਸੀਆਂ ਨੂੰ ਆਪਣੇ ਪਵਿਤਰਤਾ ਵਿੱਚ ਲੁਕਾ ਲੈਦਾ ਹੈ। ਜਦੋਂ ਵੀ ਅਸੀ ਆਪਣੇ ਪਾਪਾ ਨੂੰ ਸਵਿਕਾਰ ਕਰਦੇ ਹਾਂ ਅਤੇ ਉਹਦੀ ਮਾਫੀ ਨੂੰ ਲੈ ਲੈਦੇ ਹਾਂ, ਤਾਂ ਅਸੀ ਆਪਣੇ ਆਪ ਨੂੰ ਪਰਮੇਸ਼ਵਰ ਵਿੱਚ ਲੁਕਾ ਲੈਦੇ ਹਾਂ। ਪ੍ਰਭੂ ਭੋਜ ਲੈਣ ਤੋਂ ਪਹਿਲਾਂ ਸਾਨੂੰ ਇਹ ਕਰਨਾ ਚਾਹੀਦਾ ਹੈ। ਰੱਬੀ ਭੋਜ ਦੀ ਸੰਗਤ ਨੂੰ ਅਸੀ ਦੇਖਦੇ ਹਾਂ, ਜਿਹੜਾ ਕਿ ਪ੍ਰਭੂ ਦੇ ਲੋਕਾਂ ਨੂੰ, ਜਦੋਂ ਅਸੀ ਮਸ਼ੀਹ ਨਾਲ ਵਿਆਹ ਕਰਕੇ, ਸਦੀਪਕ ਜੀਵਨ ਵਿੱਚ ਮਿਲਦੇ ਹਾਂ।

ਯਾਦ ਕਰੋ ਯਹੂੰਨਾ 4:24

ਹਫਤੇ ਵਿੱਚ ਹੋਣ ਵਾਲੀਆਂ ਚੀਜ਼ਾਂ ਜਿੰਨ੍ਹਾਂ ਦੀ ਤੁਸੀ ਯੋਜਣਾ ਬਣਾਈ ਹੈ ਘੋਸ਼ਣਾ ਕਰੋ।

ਦੋ ਜਾ ਤਿੰਨ ਦੇ ਸਮੂੰਹ ਵਿੱਚ ਇੱਕ ਦੂਜੇ ਦੀ ਮੱਦਦ ਕਰੋ, ਉਹ ਪ੍ਰਾਥਨਾ ਕਰਨ, ਆਪਣੀਆਂ ਯੋਜਨਾਵਾਂ ਦੱਸਣ, ਅਤੇ ਇੱਕ ਦੂਜੇ ਦਾ ਹੌਸਲਾ ਵਧਾਉਣ।

Copyright 2004 © by Paul-Timothy. May be freely copied. Download from www.Paul-Timothy.net